Punjab Government Gazette

EXTRAORDINARY

Published by Authority

CHANDIGARH, TUESDAY, OCTOBER 28, 2025 (KARTIKA 6, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

(ਪੰਜਾਬ ਮਿਉਂਸਪਲ ਭਵਨ, ਪਲਾਟ ਨੰ.3, ਸੈਕਟਰ 35 ਏ, ਚੰਡੀਗੜ੍ਹ)

ਨੋਟੀਫਿਕੇਸ਼ਨ

ਮਿਤੀ 27 ਅਕਤੂਬਰ, 2025

ਨੰਬਰ: 15/43/2025-5ਸਸ3/1815.- ਵਧੀਕ ਡਿਪਟੀ ਕਮਿਸ਼ਨਰ (ਜ), ਰੂਪਨਗਰ ਵੱਲੋਂ ਆਪਣੇ ਪੱਤਰ ਨੰ. ਸ2-ਏ.ਡੀ.ਸੀ.(ਜ)ਐਲ.ਜੀ/2025/9301 ਮਿਤੀ 02.09.25 ਅਤੇ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰੂਪਨਗਰ ਵੱਲੋਂ ਉਨ੍ਹਾ ਦੇ ਪੱਤਰ ਨੰ. 2189 ਮਿਤੀ 27.08.25 ਰਾਹੀ ਸੂਚਿਤ ਕੀਤਾ ਕਿ ਨਗਰ ਕੌਂਸਲ, ਰੂਪਨਗਰ ਦੀ ਸਪੈਸ਼ਲ ਮੀਟਿੰਗ ਮਿਤੀ 27.08.25 ਨੂੰ ਦਫਤਰ ਨਗਰ ਕੌਂਸਲ, ਰੂਪਨਗਰ ਵਿਖੇ ਹੋਈ। ਇਸ ਮੀਟਿੰਗ ਵਿੱਚ ਨਗਰ ਕੌਂਸਲ, ਰੂਪਨਗਰ ਦੇ ਕੁਲ 22 ਮੈਬਰਾਂ ਵਿਚੋਂ 18 ਮੈਬਰਾਂ ਨੇ ਭਾਗ ਲਿਆ।

ਇਸ ਮੀਟਿੰਗ ਵਿੱਚ ਹਾਜ਼ਰ ਆਏ 18 ਮੈਬਰਾਂ ਵੱਲੋਂ 2/3 ਬਹੁਮੱਤ ਨਾਲ ਪ੍ਰਧਾਨ, ਨਗਰ ਕੌਸਲ, ਰੂਪਨਗਰ ਵਿਰੁੱਧ ਬੇ -ਭਰੋਸਗੀ ਦਾ ਮਤਾ ਪਾਸ ਕੀਤਾ ਗਿਆ। ਜਿਸ ਤੇ ਕਾਰਵਾਈ ਕਰਦੇ ਹੋਏ ਸਰਕਾਰ ਵੱਲੋਂ ਪੱਤਰ ਨੰ.15/43/2025-5ਸਸ3/1564 ਮਿਤੀ 12.09.25 ਰਾਹੀਂ ਸ਼੍ਰੀ ਸੰਜੇ ਵਰਮਾਂ, ਪ੍ਰਧਾਨ, ਨਗਰ ਕੌਂਸਲ, ਰੂਪਨਗਰ ਨੂੰ ਪੰਜਾਬ ਮਿਉਸਪਲ ਐਕਟ, 1911 ਦੀ ਧਾਰਾ 22 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

2. ਸ਼੍ਰੀ ਸੰਜੇ ਵਰਮਾਂ, ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵੱਲੋਂ ਸਰਕਾਰ ਦੇ ਪੱਤਰ ਮਿਤੀ 12.09.25 ਨੂੰ ਜਾਰੀ ਕਾਰਨ ਦੱਸੋਂ ਨੋਟਿਸ ਦੇ ਸਬੰਧ ਵਿੱਚ ਮਿਤੀ 3.10.25 ਨੂੰ ਆਪਣਾ ਜਵਾਬ ਪੇਸ਼ ਕੀਤਾ ਗਿਆ। ਦਿਤੇ ਗਏ ਜਵਾਬ ਵਿਚ ਮੁੱਖ ਤੋਰ ਤੇ ਪ੍ਰਧਾਨ ਨਗਰ ਕੌਂਸਲ. ਰੂਪਨਗਰ ਵਲੋਂ ਇਤਰਾਜ ਜਾਹਰ ਕੀਤਾ ਗਿਆ ਕੀ ਕੌਸਲਰਾਂ ਵੱਲੋਂ ਮਿਤੀ 01.08.25 ਨੂੰ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵਿਰੁੱਧ ਦਿਤੀ ਰਿਕੁਜੀਸ਼ਨ ਉਹਨਾ ਨੂੰ ਮਿਤੀ 7.8.2025 ਨੂੰ ਪ੍ਰਾਪਤ ਹੋਈ, ਜਿਸ ਤਹਿਤ ਪੰਜਾਬ ਮਿਉਸਪਲ ਐਕਟ 1911 ਦੀ ਧਾਰਾ 25(3) ਤਹਿਤ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵਲੋ ਮੀਟਿੰਗ ਕਾਲ/ਫਿਕਸ ਕਰਨ ਲਈ 21.8.2025 ਤੱਕ ਦਾ ਸਮਾ ਬਣਦਾ ਸੀ,ਇਸ ਲਈ ਮੈਬਰਾਂ ਵਲੋ ਪਹਿਲਾ ਮਿਤੀ 20.8.25 ਨੂੰ ਰੱਖੀ ਗਈ ਮੀਟਿੰਗ Premature ਅਤੇ ਐਕਟ ਦੀ ਉਲੰਘਣਾ ਹੋਣ ਕਾਰਨ ਮਤਾ 317 ਮਿਤੀ 27.8.25 ਨੂੰ ਰੱਦ ਕੀਤਾ ਜਾਵੇ। ਇਸ ਤੋ ਇਲਾਵਾ ਮਿਤੀ 20.8.25 ਅਤੇ ਬਾਅਦ ਵਿਚ ਮਿਤੀ 27.8.25 ਨੂੰ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਦੇ ਖਿਲਾਫ ਬੇਭਰੋਸਗੀ ਦੀ ਮੀਟਿੰਗ ਕਾਰਜ ਸਾਧਕ ਅਫਸਰ ਵਲੋ ਨਿਸ਼ਚਿਤ ਕਰਨ ਦਾ ਕੋਈ ਅਧਿਕਾਰ ਨਹੀ ਹੈ।

3. ਸ਼੍ਰੀ ਸੰਜੇ ਵਰਮਾ ਪ੍ਰਧਾਨ ਨਗਰ ਕੌਂਸਲ. ਰੂਪਨਗਰ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਰਿੱਟ ਪਟੀਸ਼ਨ ਨੂੰ 26402 ਆਫ

2025 ਦਾਇਰ ਕੀਤੀ ਸੀ। ਜਿਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 05.09.25 ਨੂੰ ਹੇਠ ਅਨੁਸਾਰ ਫੈਸਲਾ ਕੀਤਾ ਗਿਆ:-

"Mr. Rahul Rampal. Addi A G. Punjab accepts notice on behalf of respondent-State and submits that an appropriate speaking order after giving due opportunity of hearing to the petitioner by dealing all the objections/ issues to be raised by the petitioner as to whether the resolution in question is incorrect or can be accepted, will be passed by the Government within a period of 04 weeks from the date of receipt of copy of this order and the speaking order so passed will be conveyed to the petitioner for his information and necessary action"

ਜਿਸ ਦੀ ਪਾਲਣਾ ਹਿੱਤ ਪ੍ਰਧਾਨ ਨਗਰ ਕੌਂਸਲ, ਰੂਪਨਗਰ ਦੇ ਖਿਲਾਫ ਕਾਰਵਾਈ ਕਰਨ ਤੋਂ ਪਹਿਲਾ ਨਿਮਨ ਹਸਤਾਖਰ ਵਲੋ ਮਿਤੀ 21:10:25 ਨੂੰ ਸਮਾਂ 12:00 ਵਜੇ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ । ਨਿਸ਼ਚਿਤ ਮਿਤੀ ਨੂੰ ਪ੍ਰਧਾਨ ਨਗਰ ਕੌਂਸਲ, ਰੂਪਨਗਰ, ਪ੍ਰਧਾਨ ਦੇ ਵਕੀਲ ਸ਼੍ਰੀ ਹਰਸ਼ ਚੋਪੜਾ ਅਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ, ਰੂਪਨਗਰ ਨੂੰ ਸੁਣਿਆ ਗਿਆ। ਸੁਣਵਾਈ ਦੋਰਾਨ ਕਾਰਜ ਸਾਧਕ ਅਫਸਰ, ਨਗਰ ਕੋਂਸਲ, ਰੂਪਨਗਰ ਵਲੋ ਪੱਤਰ ਨੰਬਰ 2655 ਮਿਤੀ 21.10.2025 ਰਾਹੀ ਸਪਸ਼ਟ ਕੀਤਾ ਗਿਆ ਕੀ ਕੌਂਸਲਰਾਂ ਵੱਲੋਂ ਮਿਤੀ 1.08.25 ਨੂੰ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵਿਰੁੱਧ ਦਿਤੀ ਰਿਕੁਜੀਸ਼ਨ ਦੀ ਕਾਪੀ ਪ੍ਰਧਾਨ ਨਗਰ ਕੌਂਸਲ, ਰੂਪਨਗਰ ਨੂੰ ਮਿਤੀ 1.08.2025 ਨੂੰ WhatsApp ਰਾਹੀ ਦਫਤਰ ਦੇ ਕਰਮਚਾਰੀ ਸ਼੍ਰੀ ਲਖਬੀਰ ਸਿੰਘ, ਇੰਸਪੈਕਟਰ ਦੇ WhatsApp ਨੰਬਰ ਤੇ ਭੇਜ ਦਿਤੀ ਗਈ ਸੀ, ਜਿਹੜਾ ਕੀ ਪ੍ਰਧਾਨ ਵਲੋ ਵੇਖ ਲਿਆ ਗਿਆ ਸੀ। ਇਸ ਤੋ ਇਲਾਵਾ ਪ੍ਰਧਾਨ ਨੂੰ ਰਜਿਸਟਰਡ ਡਾਂਕ ਰਾਹੀ ਵੀ ਨੋਟਿਸ ਸਰਵ ਕੀਤਾ ਗਿਆ ਸੀ ।ਇਸ ਲਈ ਪ੍ਰਧਾਨ, ਨਗਰ ਕੌਸਲ, ਰੂਪਨਗਰ ਵੱਲੋਂ ਆਪਣੇ ਜਵਾਬ ਵਿੱਚ ਦਿੱਤੇ ਕਥਨ ਮੰਨਣ ਯੋਗ ਨਹੀ ਹਨ।ਕਾਰਜ ਸਾਧਕ ਅਫਸਰ, ਨਗਰ ਕੋਂਸਲ, ਰੂਪਨਗਰ ਵਲੋ ਇਹ ਵੀ ਸਪਸ਼ਟ ਕੀਤਾ ਗਿਆ ਕਿ ਮਿਤੀ 20.8.25 (ਜੋ ਕੀ ਐਸ.ਡੀ.ਐਮ- ਕਮ-ਆਬਜ਼ਰਵਰ ਦੀ ਰਿਪੋਰਟ ਤੇ ਪੁਲਿਸ ਫੋਰਸ ਉਪਲਭਧ ਨਾ ਹੋਣ ਕਾਰਨ ਮੁਲਤਵੀ ਕੀਤੀ ਗਈ) ਅਤੇ ਬਾਅਦ ਵਿਚ ਮਿਤੀ 27.8.2025 ਨੂੰ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਦੇ ਖਿਲਾਫ ਬੇਭਰੋਸਗੀ ਦੀ ਮੀਟਿੰਗ ਉਹਨਾ ਵਲੋ ਨਿਸ਼ਚਿਤ ਨਹੀ ਕੀਤੀ ਗਈ, ਇਸ ਸੰਬੰਧੀ ਕਨਵੀਨਰ-ਕਮ-ਮੈਬਰ ਸ਼੍ਰੀ ਰਾਜੇਸ਼ ਕੁਮਾਰ ਵਲੋ ਨਿਸ਼ਚਿਤ ਕੀਤੀ ਗਈ ਮੀਟਿੰਗਾ ਦਾ ਕੇਵਲ ਅਜੰਡਾ ਹੀ ਜਾਰੀ ਕੀਤਾ ਗਿਆ ਸੀ।

4. ਉਪਰੋਕਤ ਦਰਸਾਈ ਸਥਿਤੀ ਅਤੇ ਕਾਰਜ ਸਾਧਕ ਅਫਸਰ, ਨਗਰ ਕੋਂਸਲ, ਰੂਪਨਗਰ ਵਲੋ ਦਿਤੇ ਜਵਾਬ ਨੂੰ ਗਹੁ ਨਾਲ ਘੋਖਣ ਤੋ ਬਾਅਦ ਸਪਸ਼ਟ ਹੋ ਜਾਂਦਾ ਹੈ ਕੀ ਮਿਤੀ 01.8.2025 ਨੂੰ WhatsApp ਰਾਹੀ ਰਿਕੁਜੀਸ਼ਨ ਪ੍ਰਾਪਤ ਹੋਣ ਤੋ 14 ਦਿਨਾਂ ਦੇ ਅੰਦਰ ਅੰਦਰ ਪ੍ਰਧਾਨ, ਨਗਰ ਕੋਂਸਲ, ਰੂਪਨਗਰ ਵੱਲੋਂ ਮੀਟਿੰਗ ਕਾਲ ਨਹੀ ਕੀਤੀ ਗਈ, ਪੰਜਾਬ ਮਿਉਸਪਲ ਐਕਟ 1911 ਦੀ ਧਾਰਾ 25(3) ਤਹਿਤ ਰਿਕੁਜੀਸ਼ਨ ਦੇਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਮੈਬਰਾਂ ਵੱਲੋਂ ਮਿਤੀ 27.8.2025 ਨੂੰ ਮੀਟਿੰਗ ਕਰਕੇ ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵਿਰੁੱਧ 2/3 ਬਹੁਮੱਤ ਨਾਲ ਬੇ-ਭਰੋਸਗੀ ਦਾ ਮਤਾ ਨੰ.317 ਮਿਤੀ 27.08.2025 ਪਾਸ ਕੀਤਾ ਗਿਆ।

5. ਪ੍ਰਧਾਨ, ਨਗਰ ਕੌਂਸਲ, ਰੂਪਨਗਰ ਵਿਰੁੱਧ 2/3 ਮੈਬਰਾਂ ਵੱਲੋਂ ਪਾਸ ਕੀਤੇ ਗਏ ਬੇ-ਭਰੋਸਗੀ ਦੇ ਮਤੇ ਅਤੇ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 22 ਅਧੀਨ ਮਿਤੀ 12.09.25 ਨੂੰ ਜਾਰੀ ਕਾਰਨ ਦੱਸੋ ਨੋਟਿਸ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਸੰਜੇ ਵਰਮਾਂ ਪ੍ਰਧਾਨ, ਨਗਰ ਕੌਸਲ, ਰੂਪਨਗਰ ਨੂੰ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 22 ਅਧੀਨ ਨਗਰ ਕੌਸਲ, ਰੂਪਨਗਰ ਦੇ ਪ੍ਰਧਾਨਗੀ ਦੇ ਅਹੁੱਦੇ ਤੋਂ ਫਾਰਗ ਕੀਤਾ ਜਾਂਦਾ ਹੈ।

6. ਇਹ ਹੁਕਮ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸਹੀ/-

ਤੇਜਵੀਰ ਸਿੰਘ, ਆਈ.ਏ.ਐਸ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ:

ਮਿਤੀ 27 ਅਕਤੂਬਰ, 2025

3540/10-2025/Pb. Govt. Press, S.A.S. Nagar